Population Health Directorate
Health Protection Division

Scottish Government
Riaghaltas na h-Alba
gov.scot

# ਅੰਗ ਅਤੇ ਟਿਸ਼ੂ ਡੋਨੇਸ਼ਨ ਔਪਟ ਆਊਟ ਸਿਸਟਮ ਅਤੇ ਇਸ ਦਾ ਤੁਹਾਡੇ ਲਈ ਕੀ ਮਤਲਬ ਹੈ

ਜਿਵੇਂ ਹੀ ਤੁਹਾਡੀ ਉਮਰ 16 ਸਾਲ ਦੀ ਹੁੰਦੀ ਹੈ ਤਾਂ ਸ਼ਾਇਦ ਤੁਸੀਂ ਕੁੱਝ ਮਹੱਤਵਪੂਰਨ ਫੈਸਲੇ, ਜਿਵੇਂ ਕਿ ਪੜ੍ਹਾਈ ਅਤੇ ਨੌਕਰੀਆਂ, ਬਾਰੇ ਸੋਚਣਾ ਸ਼ੁਰੂ ਕਰ ਦਿੰਦੇ ਹੋ। ਇੱਕ ਫੈਸਲਾ ਜਿਸ ਬਾਰੇ ਤੁਸੀਂ ਸੋਚਣਾ ਪਸੰਦ ਕਰੋਗੇ ਉਹ ਇਹ ਕਿ ਕੀ ਤੁਸੀਂ ਅੰਗ ਅਤੇ ਟਿਸ਼ੂ ਦਾਨੀ ਬਣਨਾ ਚਾਹੁੰਦੇ ਹੋ।

ਇਹ ਪੱਤਰ ਸਕਾਟਲੈਂਡ ਵਿੱਚ ਤੁਹਾਨੂੰ ਅੰਗ ਅਤੇ ਟਿਸ਼ੂ ਦਾਨ ਬਾਰੇ ਕਾਨੂੰਨ ਤੋਂ ਜਾਣੂ ਕਰਵਾਉਣ ਲਈ ਹੈ ਜੋ ਕਿ 16 ਸਾਲ ਦੀ ਉਮਰ ਤੋਂ ਲਾਗੂ ਹੁੰਦਾ ਹੈ ਅਤੇ ਤੁਹਾਡੇ ਕੋਲ ਉਪਲਬਧ ਚੋਣਾਂ ਬਾਰੇ ਦੱਸਦਾ ਹੈ। ਇਹ ਕਾਨੂੰਨ 'ਮੰਨਣਯੋਗ ਇਜਾਜ਼ਤ'(deemed authorisation) ਦੇ ਇੱਕ ਨਵੇਂ ਸਿਸਟਮ ਵਜੋਂ ਜਾਣਿਆ ਜਾਂਦਾ ਹੈ। ਇਸ ਨੂੰ 'ਔਪਟ-ਆਊਟ' (opt out)ਸਿਸਟਮ ਕਿਹਾ ਜਾਂਦਾ ਹੈ ਇਸ ਦਾ ਮਤਲਬ ਇਹ ਹੈ ਕਿ ਜਦੋਂ ਤੁਹਾਡੀ ਮੌਤ ਹੋ ਜਾਂਦੀ ਹੈ, ਤਾਂ ਤੁਹਾਨੂੰ ਦਾਨੀ ਬਣਨ ਲਈ ਸਹਿਮਤ ਮੰਨਿਆ ਜਾਂਦਾ ਹੈ ਜਦੋਂ ਤੱਕ ਕਿ ਤੁਸੀਂ ਦਾਨ ਕਰਨ ਤੋਂ ਬਾਹਰ ਰਹਿਣ ਦੀ ਚੋਣ ਨਾ ਕੀਤੀ ਹੋਵੇ।

ਤੁਹਾਡੇ ਕੋਲ ਇਸ ਬਾਰੇ ਇੱਕ ਵਿਕਲਪ ਹੈ ਕਿ ਤੁਸੀਂ ਦਾਨੀ ਬਣਨਾ ਚਾਹੁੰਦੇ ਹੋ ਜਾਂ ਨਹੀਂ। ਤੁਸੀਂ ਅਗਲੇ ਪੰਨੇ 'ਤੇ ਆਪਣੀਆਂ ਚੋਣਾਂ ਬਾਰੇ ਵਧੇਰੇ ਵੇਰਵਿਆਂ ਸਹਿਤ ਜਾਣਕਾਰੀ ਹਾਸਲ ਕਰ ਸਕਦੇ ਹੋ। ਤੁਹਾਡਾ ਨਾਮ ਐਨ ਐਚ ਐਸ ਆਰਗਨ ਡੋਨਰ ਰਜਿਸਟਰ NHS Organ Donor Register (ODR) 'ਤੇ ਉਦੋਂ ਤੱਕ ਨਹੀਂ ਹੋਵੇਗਾ ਜਦੋਂ ਤੱਕ ਤੁਸੀਂ ਆਪਣਾ ਫੈਸਲਾ ਦਰਜ ਨਹੀਂ ਕਰਦੇ, ਇਸ ਲਈ ਭਾਵੇਂ ਤੁਸੀਂ ਦਾਨੀ ਬਣਨਾ ਚੁਣਦੇ ਹੋ ਜਾਂ ਦਾਨ ਤੋਂ ਬਾਹਰ ਆਉਂਦੇ ਹੋ, ਤੁਹਾਨੂੰ ਇਸ ਨੂੰ ODR 'ਤੇ ਦਰਜ ਕਰਨਾ ਚਾਹੀਦਾ ਹੈ। ਇਹ ਵੀ ਮਹੱਤਵਪੂਰਨ ਹੈ ਕਿ ਤੁਸੀਂ ਆਪਣੇ ਫੈਸਲੇ ਨੂੰ ਆਪਣੇ ਮਾਪਿਆਂ/ਸਰਪ੍ਰਸਤ, ਪਰਿਵਾਰ, ਦੋਸਤਾਂ, ਜਾਂ ਤੁਹਾਡੇ ਸਭ ਤੋਂ ਨੇੜਲੇ ਲੋਕਾਂ ਨਾਲ ਸਾਂਝਾ ਕਰੋ ਤਾਂ ਜੋ ਉਹ ਤੁਹਾਡੇ ਵਿਚਾਰ ਬਾਰੇ ਜਾਣ ਸਕਣ ਕਿਉਂਕਿ ਉਹ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦੇ ਹਨ ਕਿ ਤੁਹਾਡੇ ਫੈਸਲੇ ਦੀ ਇੱਜ਼ਤ ਕੀਤੀ ਗਈ ਹੈ।

## NHS Organ Donor Register (ਅੰਗ ਦਾਨੀ ਰਜਿਸਟਰ) 'ਤੇ ਆਪਣੇ ਫੈਸਲੇ ਨੂੰ ਰਿਕਾਰਡ ਕਰਨਾ

**ਆਨਲਾਈਨ ਹੋਵੇ**' ਤੇ ਇੱਥੇ ਦੇਖੋ **www.organdonationscotland.org** ਜਾਂ **ਟੈਲੀਫੋਨ ਰਾਹੀਂ ਪਤਾ ਕਰੋ**: 0300 123 23 23। ਕਾਲਾਂ 'ਤੇ ਖਰਚਾ ਤੁਹਾਡੇ ਫੋਨ ਪ੍ਰਦਾਤਾ ਦੀਆਂ ਸਥਾਨਕ ਕਾਲ ਦਰਾਂ ਅਨੁਸਾਰ ਲਿਆ ਜਾਵੇਗਾ।

ਜਾਂ ਫਿਰ, **NHS Blood & Transplant, FREEPOST RRZKSHUX-SBCK, NHSBT, Fox Den Road, Stoke Gifford, Bristol, BS34 8RR ਨੂੰ ਲਿਖ ਕੇ ਰਜਿਸਟ੍ਰੇਸ਼ਨ ਫਾਰਮ ਲਈ ਬੇਨਤੀ ਕਰੋ**। ਕਿਰਪਾ ਕਰਕੇ ਸੰਚਾਰ ਵਿੱਚ ਆਪਣਾ ਪੂਰਾ ਡਾਕ ਪਤਾ ਦਿਓ।

## ਇਸ ਪੱਤਰ ਦੇ ਹੋਰ ਫਾਰਮੇਟ ਅਤੇ ਪਹੁੰਚਯੋਗ ਰਜਿਸਟ੍ਰੇਸ਼ਨ

ਇਹ ਪੱਤਰ ਈਜ਼ੀ ਰੀਡ, ਬ੍ਰਿਟਿਸ਼ ਸਾਈਨ ਭਾਸ਼ਾ, ਬ੍ਰੇਲ, ਆਡੀਓ ਅਤੇ ਵੱਡੇ ਪ੍ਰਿੰਟ ਵਿੱਚ ਉਪਲੱਬਧ ਹੈ। ਇਸ ਦਾ ਅਨੁਵਾਦ ਵੱਖੋ-ਵੱਖਰੀਆਂ ਭਾਸ਼ਾਵਾਂ ਵਿੱਚ ਵੀ ਕਰ ਦਿੱਤਾ ਗਿਆ ਹੈ। **www.organdonationscotland.org/resources** 'ਤੇ ਜਾਓ ਜਾਂ ਪਹੁੰਚਯੋਗ ਫਾਰਮੇਟ ਵਿੱਚ ਇਸ ਪੱਤਰ ਦੀ ਬੇਨਤੀ ਕਰਨ ਲਈ ਉਪਰੋਕਤ ਸੰਪਰਕ ਵੇਰਵਿਆਂ ਦੀ ਵਰਤੋਂ ਕਰੋ।

ਤੁਸੀਂ ਆਪਣੇ ਦਾਨ ਦੇ ਫੈਸਲੇ ਨੂੰ **ਟੈਕਸਟ ਚੈਟ**: 07860 034343 ਜਾਂ **ਟੈਕਸਟ ਰੀਲੇ**: 18001 0300 1232323 ਨਾਲ ਰਜਿਸਟਰ ਕਰ ਸਕਦੇ ਹੋ। ਤੁਸੀਂ **ContactSCOTLAND-BSL www.contactscotland-bsl.org** ਨੂੰ ਵੀ ਸੰਪਰਕ ਕਰ ਸਕਦੇ ਹੋ ਜਿੱਥੇ ਇੱਕ **ਵੀਡਿਓ ਇੰਟ੍ਰਪ੍ਰੇਟਰ** ਕਾਲਾਂ ਰਿਲੇਅ ਕਰ ਸਕਦਾ ਹੈ।

ਤੁਹਾਡੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ, ਸਕਾਟਲੈਂਡ ਸਰਕਾਰ ਨੂੰ ਇਹ ਪੱਤਰ ਭੇਜਣ ਦੇ ਮੰਤਵਾਂ ਲਈ ਤੁਹਾਡੇ ਨਿੱਜੀ ਡਾਟੇ ਦੀ ਪਹੁੰਚ ਹਾਸਲ ਨਹੀਂ ਹੈ। ਅਸੀਂ NHS National Services Scotland (ਨੈਸ਼ਨਲ ਸਰਵਿਸਿਜ਼ ਸਕਾਟਲੈਂਡ), ਜੋ ਇਸ ਡਾਟਾ ਦਾ ਬੰਦੋਬਸਤ ਅਤੇ ਸੁਰੱਖਿਆ ਕਰਦੀ ਹੈ, ਨੂੰ ਇਸ ਪੱਤਰ ਦੀ ਵੰਡ ਕਰਨ ਵਿੱਚ ਮਦਦ ਕਰਨ ਲਈ ਆਖਿਆ ਹੈ। ਤੁਸੀਂ **www.nhsnss.org/services/practitioner/data-protection** 'ਤੇ ਇਸ ਬਾਰੇ ਹੋਰ ਜਾਣਕਾਰੀ ਲੈ ਸਕਦੇ ਹੋ।

**ਅੰਗ ਅਤੇ ਟਿਸ਼ੂ ਦਾਨ ਅਤੇ ਟ੍ਰਾਂਸਪਲਾਂਟ ਬਾਰੇ ਪਾਲਿਸੀ ਟੀਮ**

## ਕਾਨੂੰਨ ਕਿਸ ‘ਤੇ ਲਾਗੂ ਹੁੰਦਾ ਹੈ

ਇਹ ਕਾਨੂੰਨ 16 ਸਾਲਾਂ ਅਤੇ ਉਸ ਤੋਂ ਉੱਪਰ ਹਰ ਵਿਅਕਤੀ ਤੇ ਲਾਗੂ ਹੁੰਦਾ ਹੈ, ਉਸ ਵਿਅਕਤੀ ਤੋਂ ਇਲਾਵਾ ਜਿਸ ਨੂੰ ਆਪਣੀ ਮੌਤ ਦੇ ਸਮੇਂ ਸਕਾਟਲੈਂਡ ਵਿੱਚ ਰਹਿੰਦੇ 12 ਮਹੀਨੇ ਤੋਂ ਘੱਟ ਹੋਏ ਹਨ ਜਾਂ ਫਿਰ ਕਿਸੇ ਅਜਿਹੇ ਵਿਅਕਤੀ ‘ਤੇ ਜੋ ਕਾਨੂੰਨ ਸਮਝਣ ਤੋਂ ਅਸਮਰੱਥ ਹੁੰਦਾ ਹੈ, ਮਿਸਾਲ ਵਜੋਂ ਸਿੱਖਣ ਦੀ ਅਯੋਗਤਾ ਵਾਲਾ ਕੋਈ ਵਿਅਕਤੀ। ਇਹਨਾਂ ਸਮੂਹਾਂ ਵਿਚਲੇ ਲੋਕ ਹਾਲੇ ਵੀ ਆਪਣਾ ਫੈਸਲਾ ਰਜਿਸਟਰ ਕਰ ਸਕਦੇ ਹਨ, ਪਰ ਜੇ ਉਹ ਅਜਿਹਾ ਨਹੀਂ ਕਰਦੇ ਅਤੇ ਉਹ ਦਾਨ ਕਰਨ ਵਾਲੇ ਹਾਲਾਤਾਂ ਵਿੱਚ ਮਰ ਜਾਂਦੇ ਹਨ ਤਾਂ ਫਿਰ ਉਹਨਾਂ ਦੇ ਪਰਿਵਾਰ ਨੂੰ ਦਾਨ ਬਾਰੇ ਫੈਸਲਾ ਕਰਨ ਲਈ ਆਖਿਆ ਜਾਵੇਗਾ।

## ਤੁਹਾਡਾ ਫੈਸਲਾ

ਤੁਸੀਂ ਜਿਸ ਦਾ ਵੀ ਫੈਸਲਾ ਕਰਦੇ ਹੋ – ਚਾਹੇ ਇਹ ਦਾਨੀ ਬਨਣ ਦਾ ਹੋਵੇ ਜਾਂ ਦਾਨ ਤੋਂ ਬਾਹਰ ਨਿਕਲਣ ਦਾ ਹੋਵੇ, ਤਾਂ ਤੁਹਾਨੂੰ ਆਪਣੇ ਮਾਪਿਆਂ/ਸਰਪ੍ਰਸਤ ਅਤੇ ਪਰਿਵਾਰ ਨੂੰ ਦੱਸਣਾ ਚਾਹੀਦਾ ਹੈ ਤਾਂ ਕਿ ਉਹਨਾਂ ਨੂੰ ਪਤਾ ਲੱਗ ਸਕੇ ਕਿ ਤੁਸੀਂ ਕੀ ਚਾਹੁੰਦੇ ਹੋ । ਜੇ ਤੁਸੀਂ ਇਸ ਬਾਰੇ ਯਕੀਨੀ ਨਹੀਂ ਹੋ ਕਿ ਕੀ ਤੁਸੀਂ ਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ, ਤਾਂ ਇਸ ਬਾਰੇ ਮਾਤਾ/ਪਿਤਾ/ਸਰਪ੍ਰਸਤ, ਭਰੋਸੇਮੰਦ ਬਾਲਗ ਜਾਂ ਪਰਿਵਾਰ ਅਤੇ ਦੋਸਤਾਂ ਨਾਲ ਗੱਲ ਕਰਨਾ ਸ਼ਾਇਦ ਤੁਹਾਨੂੰ ਫੈਸਲਾ ਲੈਣ ਵਿੱਚ ਮਦਦ ਕਰ ਸਕਦਾ ਹੈ।

## ਤੁਹਾਡੇ ਵਿਕਲਪ

ਸਿਰਫ ਲਗਭਗ 1% ਲੋਕਾਂ ਦੀ ਮੌਤ ਇਸ ਤਰੀਕੇ ਨਾਲ ਹੁੰਦੇ ਹੈ ਜਿਸ ਵਿੱਚ ਅੰਗ ਦਾਨ ਸੰਭਵ ਹੁੰਦਾ ਹੈ, ਇਸ ਲਈ ਦਾਨ ਕਰਨ ਦਾ ਹਰ ਮੌਕਾ ਬਹੁਤ ਕੀਮਤੀ ਹੁੰਦਾ ਹੈ। ਦਾਨ ਇੱਕ ਨਿੱਜੀ ਫੈਸਲਾ ਹੈ ਅਤੇ ਤੁਹਾਡੇ ਕੋਲ ਵਿਕਲਪ ਹੈ ਕਿ ਤੁਸੀਂ ਦਾਨ ਕਰਨਾ ਚਾਹੁੰਦੇ ਹੋ ਜਾਂ ਨਹੀਂ। ਤੁਸੀਂ ਕਿਸੇ ਵੀ ਪੜਾਅ 'ਤੇ ਆਪਣਾ ਫੈਸਲਾ ਤਬਦੀਲ ਕਰ ਸਕਦੇ ਹੋ। ਇਹ ਤੁਹਾਡੀਆਂ ਚੋਣਾਂ ਹਨ:

### ਤੁਸੀਂ NHS Organ Donor Register ’ਤੇ ਅੰਗ ਦਾਨ ਕਰਨ ਤੋਂ ਬਾਹਰ ਰਹਿਣ ਸਬੰਧੀ ਆਪਣਾ ਫੈਸਲਾ ਰਿਕਾਰਡ ਕਰਵਾ ਸਕਦੇ ਹੋ

- ਇਸ ਦਾ ਮਤਲਬ ਹੈ ਕਿ ਤੁਸੀਂ ਸਾਰੇ ਅੰਗਾਂ ਅਤੇ ਟਿਸ਼ੂਆਂ ਦੇ ਦਾਨ ਦੀ ਇਜਾਜ਼ਤ ਨਹੀਂ ਦੇ ਰਹੇ ਹੋ।

### ਜੇ ਤੁਸੀਂ ਅੰਗ ਦਾਨੀ ਬਣਨਾ ਚਾਹੁੰਦੇ ਹੋ, ਤਾਂ ਤੁਹਾਨੂੰ NHS Organ Donor Register ’ਤੇ ਆਪਣਾ ਫੈਸਲਾ ਦਰਜ ਕਰਵਾਉਣਾ ਚਾਹੀਦਾ ਹੈ

- ਅਜਿਹਾ ਕਰਨ ਨਾਲ, ਤੁਹਾਡੇ ਪਰਿਵਾਰ ਲਈ ਇਹ ਸੌਖਾ ਹੋ ਜਾਵੇਗਾ ਅਤੇ ਇਸ ਨੂੰ ਯਕੀਨੀ ਬਣਾਉਣ ਵਿਚ ਸਹਾਇਤਾ ਮਿਲੇਗੀ ਕਿ ਦਾਨ ਕਰਨ ਸਬੰਧੀ ਤੁਹਾਡੇ ਫੈਸਲੇ ਦਾ ਸਨਮਾਨ ਕੀਤਾ ਜਾਵੇ।
- ਜੇਕਰ ਤੁਸੀਂ ਕੁਝ ਕਿਸਮਾਂ ਦੇ ਅੰਗਾਂ ਅਤੇ ਟਿਸ਼ੂਆਂ ਦਾ ਦਾਨ ਕਰਨ ਲਈ ਤਿਆਰ ਹੋ, ਪਰ ਕੁਝ ਹੋਰ ਕਿਸਮਾਂ ਲਈ ਨਹੀਂ, ਤਾਂ ਤੁਸੀਂ ਆਪਣੀ ਚੋਣ ਨੂੰ ਸਪੱਸ਼ਟ ਕਰ ਸਕਦੇ ਹੋ ਜਦੋਂ ਤੁਸੀਂ ਆਪਣਾ ਫੈਸਲਾ ਦਰਜ ਕਰਦੇ ਹੋ।
- ਆਪਣੇ ਅੰਗ ਦਾਨੀ ਬਣਨ ਦੇ ਫੈਸਲੇ ਨੂੰ ਦਰਜ ਕਰਨ ਦਾ ਇਹ ਵੀ ਮਤਲਬ ਹੋਏਗਾ ਕਿ ਤੁਸੀਂ ਕੁਝ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਨਾਲ ਸਹਿਮਤ ਹੋ ਜੋ ਤੁਹਾਡੀ ਮੌਤ ਤੋਂ ਪਹਿਲਾਂ ਦਾਨ ਪ੍ਰਕਿਰਿਆ ਦੇ ਹਿੱਸੇ ਵਜੋਂ ਕੀਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਖ਼ੂਨ ਜਾਂ ਮੂਤਰ ਦੇ ਨਮੂਨੇ ਜਾਂ ਐਕਸਰੇਜ਼/ਅਲਟ੍ਰਾਸਾਂਉਂਡ ਸਕੈਨ ਆਦਿ। ਮਾਹਰ ਨਰਸਾਂ ਇਹ ਜਾਂਚਾਂ ਹੋਣ ਤੋਂ ਪਹਿਲਾਂ ਤੁਹਾਡੇ ਪਰਿਵਾਰ ਨਾਲ ਗੱਲਬਾਤ ਕਰਨਗੀਆਂ। ਵਧੇਰੇ ਜਾਣਕਾਰੀ ਇੱਥੋਂ ਲਵੋ **www.organdonationscotland.org/testsandprocedures**
- ਤੁਸੀਂ NHS Organ Donor Register ’ਤੇ ਇਹ ਦਰਜ ਕਰ ਸਕਦੇ ਹੋ ਕਿ ਕੀ ਤੁਹਾਡੀ ਆਸਥਾ ਜਾਂ ਵਿਸ਼ਵਾਸ ਮਹੱਤਵਪੂਰਣ ਹਨ ਅਤੇ ਇਸ ਨੂੰ ਤੁਹਾਡੇ ਪਰਿਵਾਰ ਨਾਲ ਦਾਨ ਦੀ ਚਰਚਾ ਦਾ ਹਿੱਸਾ ਮੰਨਿਆ ਜਾਵੇਗਾ।

## ਜੇ ਤੁਸੀਂ ਕੁੱਝ ਨਹੀਂ ਕਰਦੇ ਹੋ ਅਤੇ NHS Organ Donor Register ’ਤੇ ਆਪਣੇ ਫੈਸਲੇ ਨੂੰ ਰਿਕਾਰਡ ਨਹੀਂ ਕਰਦੇ ਹੋ

ਜੇ ਤੁਸੀਂ ਕੁੱਝ ਵੀ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਤੁਹਾਡਾ ਨਾਮ NHS Organ Donor Register ‘ਤੇ ਨਹੀਂ ਹੋਵੇਗਾ ਅਤੇ ਤੁਹਾਡੇ ਲਈ ਕੋਈ ਫੈਸਲਾ ਰਿਕਾਰਡ ਨਹੀਂ ਕੀਤਾ ਜਾਵੇਗਾ। ਇਸ ਦਾ ਮਤਲਬ ਇਹ ਹੈ ਕਿ:

- ਇਹ ਮੰਨ ਲਿਆ ਜਾਵੇਗਾ ਕਿ ਤੁਹਾਡੀ ਮੌਤ ਹੋਣ ‘ਤੇ ਤੁਸੀਂ ਟ੍ਰਾਂਸਪਲਾਂਟੇਸ਼ਨ ਲਈ ਕੁਝ ਅੰਗਾਂ ਅਤੇ ਟਿਸ਼ੂਆਂ ਨੂੰ ਦਾਨ ਕਰਨ ਲਈ ਸਹਿਮਤ ਹੋ।
- ਤੁਹਾਡੇ ਪਰਿਵਾਰ ਅਤੇ ਦੋਸਤਾਂ ਨੂੰ ਅਜੇ ਵੀ ਤੁਹਾਡੇ ਤਾਜ਼ਾ ਵਿਚਾਰ ਪੁੱਛੇ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਾਨ ਨਾ ਕੀਤਾ ਜਾਵੇ ਜੇ ਤੁਸੀਂ ਨਹੀਂ ਚਾਹੁੰਦੇ ਸੀ।
- ਜੇਕਰ ਤੁਸੀਂ ਕੁਝ ਨਹੀਂ ਕਰਦੇ ਤਾਂ ਇਸ ਦਾ ਮਤਲਬ ਇਹ ਵੀ ਹੋਵੇਗਾ ਕਿ ਤੁਸੀਂ ਕੁਝ ਡਾਕਟਰੀ ਜਾਂਚਾਂ ਅਤੇ ਪ੍ਰਕਿਰਿਆਵਾਂ ਨਾਲ ਸਹਿਮਤ ਹੋ ਜੋ ਦਾਨ ਪ੍ਰਕਿਰਿਆ ਦੇ ਹਿੱਸੇ ਵਜੋਂ ਤੁਹਾਡੀ ਮੌਤ ਤੋਂ ਪਹਿਲਾਂ ਕੀਤੇ ਜਾ ਸਕਦੇ ਹਨ, ਜਿਵੇਂ ਕਿ ਖੂਨ ਜਾਂ ਮੂਤਰ ਦੇ ਨਮੂਨੇ ਜਾਂ ਐਕਸਰੇਜ਼/ਅਲਟ੍ਰਾਸਾਂਊਡ ਸਕੈਨ ਆਦਿ। ਮਾਹਰ ਨਰਸਾਂ ਇਹ ਜਾਂਚਾਂ ਹੋਣ ਤੋਂ ਪਹਿਲਾਂ ਤੁਹਾਡੇ ਪਰਿਵਾਰ ਨਾਲ ਗੱਲਬਾਤ ਕਰਨਗੀਆਂ। ਵਧੇਰੇ ਜਾਣਕਾਰੀ ਇੱਥੋਂ ਪ੍ਰਾਪਤ ਕਰੋ **www.organdonationscotland.org/testsandprocedures**

ਤੁਸੀਂ ਇਸ ਜਾਣਕਾਰੀ ਵਾਲੇ ਇਸ਼ਤਿਹਾਰ ਵਿੱਚ ਅੰਗ ਅਤੇ ਟਿਸ਼ੂ ਦਾਨ ਔਪਟ-ਆਊਟ ਸਿਸਟਮ ਅਤੇ ਜੇ ਤੁਸੀਂ ਦਾਨੀ ਬਣਦੇ ਹੋ ਤਾਂ ਕੀ ਹੁੰਦਾ ਹੈ, ਇਸ ਬਾਰੇ ਹੋਰ ਜਾਣਕਾਰੀ ਪੜ੍ਹ ਸਕਦੇ ਹੋ **www.organdonationscotland.org/information-leaflet**

ਅੰਗ ਅਤੇ ਟਿਸ਼ੂ ਦਾਨ ਔਪਟ-ਆਊਟ ਸਿਸਟਮ ਦਾ ਤੁਹਾਡੇ ਲਈ ਕੀ ਅਰਥ ਹੈ, ਜੇ ਇਹ ਸਮਝਣ ਵਿੱਚ ਤੁਹਾਨੂੰ, ਤੁਹਾਡੇ ਮਾਪਿਆਂ/ਸਰਪ੍ਰਸਤ ਜਾਂ ਪਰਿਵਾਰ ਨੂੰ ਹੋਰ ਸਹਾਇਤਾ ਚਾਹੀਦੀ ਹੈ, ਤਾਂ **0300 123 23 23** ਨੂੰ ਕਾਲ ਕਰੋ।